# ਵਿਸ਼ੇਸ਼ ਰੋਜਗਾਰ ਸੈਲ

**ਸਕੀਮ ਦਾ ਮੰਤਵ**

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਪੜ੍ਹੇ ਲਿਖੇ ਬੇਰੁਜਗਾਰ ਵਿਅੱਕਤੀਆਂ ਨੂੰ ਪ੍ਰਪੋਜ਼ਲ ਤੇ ਰੋਜ਼ਗਾਰ ਦੇਣ ਲਈ ਸਾਲ 1970 ਨੂੰ ਭਲਾਈ ਵਿਭਾਗ ਦੇ ਡਾਇਰੈਕਟੋਰੇਟ ਤੇ ਜਿਲ੍ਹਾ ਪੱਧਰ ਤੇ ਰੋਜ਼ਗਾਰ ਸੈਲ ਖੋਲ੍ਹੇ ਗਏ ਹਨ।

**ਨਾਰਮਜ਼**

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਪੜ੍ਹੇ ਲਿਖੇ ਬੇਰੁਜਗਾਰ ਵਿਅੱਕਤੀਆਂ ਨੂੰ ਰਾਖਵਾਂਕਰਨ ਦੀ ਨੀਤੀ ਅਨੁਸਾਰ ਨੌਕਰੀਆਂ ਤੇ ਪ੍ਰਮੋਸ਼ਨਾਂ ਦਿੱਤੀਆਂ ਜਾਂਦੀਆਂ ਹਨ।

ਵਿਭਾਗ ਦੇ ਡਾਇਰੈਕਟੋਰੇਟ ਤੇ ਜਿਲ੍ਹਾ ਸਦਰ ਮੁਕਾਮ ਤੇ ਪੜ੍ਹੇ ਲਿਖੇ ਬੇਰੁਜਗਾਰ ਵਿਅੱਕਤੀਆਂ ਨੂੰ ਯੋਗਤਾ ਅਨੁਸਾਰ ਨਾਮ ਦਰਜ ਕਰਨ ਲਈ ਪ੍ਰੇਰਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਸੀਨੀਆਰਤਾ ਅਨੁਸਾਰ ਨਾਮ ਦੂਸਰੇ ਵਿਭਾਗਾਂ ਦੀ ਮੰਗ ਅਨੁਸਾਰ ~~ਪ੍ਰੇਰਿਆ~~ ਭੇਜਿਆ ਜਾਂਦਾ ਹੈ।

**ਪ੍ਰੋਸੀਜ਼ਰ**

ਵਿਭਾਗ ਦੇ ਡਾਇਰੈਕਟੋਰੇਟ ਅਤੇ ਜਿਲ੍ਹਾ ਪੱਧਰ ਤੇ ਰੁਜਗਾਰ ਸੈਲ ਵਿਚ ਯੋਗਤਾ ਤੇ ਸੀਨੀਆਰਤਾ ਵਾਈਜ਼ ਨਾਮ ਦਰਜ ਕੀਤੇ ਜਾਂਦੇ ਹਨ ਜਦੋਂ ਵੀ ਕੋਈ ਵਿਭਾਗ ਚਾਹੇ ਉਹ ਸਦਰ ਮੁਕਾਮ ਤੇ ਹੋਵੇ ਜਾਂ ਜਿਲ੍ਹਾ ਤਹਿਸੀਲ ਪੱਧਰ ਤੇ ਹੋਵੇ ਕੋਈ ਆਸਾਮੀ ਹੋਵੇ, ਕੱਚੀ ਭਰਨੀ ਚਾਹੇ। ਇਸ ਵਿਭਾਗ ਦੀ ਚੋਣ ਕਮੇਟੀ ਰਾਹੀਂ ਭਰੀ ਜਾਂਦੀ ਹੈ। ਉਸ ਮੰਗ ਅਨੁਸਾਰ ਪੱਤਰ ਦੀ ਇਕ ਕਾਪੀ ਰੁਜਗਾਰ ਸੈਲ ਨੂੰ ਭੇਜੀ ਜਾਂਦੀ ਹੈ ਤੇ ਇਸ ਵਿਭਾਗ ਵੱਲੋਂ ਯੋਗ ਉਮੀਦਵਾਰ ਇਕ ਆਸਾਮੀ ਲਈ 20 ਉਮੀਦਵਾਰ ਦੀ ਸੀਨੀਆਰਤਾ ਅਨੁਸਾਰ ਸਬੰਧਤ ਵਿਭਾਗ ਨੂੰ ਭੇਜੇ ਜਾਂਦੇ ਹਨ।

**ਲਾਭ**

ਇਸ ਵਿਭਾਗ ਵੱਲੋਂ ਸੀਨੀਆਰਤਾ ਅਨੁਸਾਰ ਭੇਜੇ ਯੋਗ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਯੋਗ ਉਮੀਦਵਾਰਾਂ ਨੂੰ ਰਾਖਵਾਂ ਕਰਨ ਤੇ ਭਰਤੀ ਵਿਚ ਪਹਿਲ ਦੇ ਆਧਾਰ ਤੇ ਵਿਚਾਰਿਆ ਜਾਂਦਾ ਹੈ।